# ਮਹੀਨਾਵਾਰ ਟੈਸਟ-ਨਵੰਬਰ 2010
## ਜਮਾਤ: ਦਸਵੀਂ, ਵਿਸ਼ਾ: ਸਮਾਜਿਕ ਸਿੱਖਿਆ

**ਸਮਾਂ**: 40 **ਮਿੰਟ** **ਕੁਲ ਅੰਕ**: 20

**ਸਾਰੇ ਪ੍ਰਸ਼ਨ ਜ਼ਰੂਰੀ ਹਨ।**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

(**ਭੂਗੋਲ**)

1. ਕੁਦਰਤੀ ਬਨਸਪਤੀ ਤੋਂ ਕੀ ਭਾਵ ਹੈ ? (1)
2. ਹਿਮਾਲਿਆ ਵਿੱਚ ਮਿਲਣ ਵਾਲੇ ਜੀਵਾਂ ਦੇ ਨਾਂ ਲਿਖੋ। (1)
3. ਚਮੜਾ ਰੰਗਣ ਲਈ ਕਿਹੜੇ ਦਰੱਖਤਾਂ ਦੀ ਸਹਾਇਤਾ ਲਈ ਜਾਂਦੀ ਹੈ ? (1)
4. ਦੇਸ਼ ਵਿੱਚ ਕਿਹੜੇ-ਕਿਹੜੇ ਜੀਵਾਂ ਦੇ ਖਤਮ ਹੋ ਜਾਣ ਦਾ ਡਰ ਹੈ ? (1)
5. ਕੁਦਰਤੀ ਬਨਸਪਤੀ ਉਦਯੋਗਾਂ ਲਈ ਕਿਸ ਤਰਾਂ ਜੀਵਨ ਦਾਨ ਦਾ ਕੰਮ ਕਰਦੀ ਹੈ ? (2)
6. ਭਾਰਤ ਦੇ ਦਿੱਤੇ ਗਏ ਨਕਸ਼ੇ ਵਿੱਚ ਲਾਲ ਮਿੱਟੀ ਦੇ ਦੋ ਖੇਤਰ ਭਰੋ ? (2)

(**ਇਤਿਹਾਸ**)

7. ਕਸ਼ਮੀਰੀ ਪੰਡਿਤਾਂ ਦੀ ਕੀ ਸਮੱਸਿਆ ਸੀ ? ਗੁਰੂ ਤੇਗ ਬਹਾਦਰ ਜੀ ਨੇ ਉਸਨੂੰ ਕਿਵੇਂ ਹੱਲ ਕੀਤਾ ? (1)
8. ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤ ਕਿਵੇਂ ਸਮਾਏ ? (1)
9. ਸ਼ਾਹ ਜ਼ਮਾਨ ਕਿਸ ਦਾ ਪੁੱਤਰ ਸੀ ? ਉਸਨੇ ਪੰਜਾਬ 'ਤੇ ਆਖਰੀ ਹਮਲਾ ਕਦੋਂ ਕੀਤਾ ? (1)
10. ਵਜ਼ੀਰ ਖਾਂ ਕਿਥੋਂ ਦਾ ਸੂਬੇਦਾਰ ਸੀ ? ਇਸਦੀ ਬੰਦਾ ਬਹਾਦਰ ਨਾਲ ਕਿਸ ਸਥਾਨ 'ਤੇ ਲੜਾਈ ਹੋਈ ? (1)
11. ਗੁਰੂ ਗੋਬਿੰਦ ਸਿੰਘ ਜੀ ਨੇ ਪਟਨਾ ਵਿਖੇ ਆਪਣਾ ਬਚਪਨ ਕਿਵੇਂ ਬਿਤਾਇਆ ? (2)
12. ਭੰਗਾਣੀ ਦੀ ਲੜਾਈ ਦੇ ਕੀ ਕਾਰਨ ਸਨ ? (2)

(**ਨਾਗਰਿਕ ਸ਼ਾਸਤਰ**)

13. ਕੇਂਦਰੀ ਮੰਤਰੀ ਪਰਿਸ਼ਦ ਵਿੱਚ ਕਿੰਨੇ ਪ੍ਰਕਾਰ ਦੇ ਮੰਤਰੀ ਹੁੰਦੇ ਹਨ। (1)
14. ਲੋਕ ਸਭਾ ਦਾ ਮੈਂਬਰ ਬਣਨ ਲਈ ਘੱਟੋ-ਘੱਟ ਉਮਰ ਕਿੰਨੀ ਹੋਣੀ ਚਾਹੀਦੀ ਹੈ ? (1)
15. ਪ੍ਰਧਾਨ ਮੰਤਰੀ ਦੀ ਨਿਯੁਕਤੀ ਕਿਵੇਂ ਹੁੰਦੀ ਹੈ ? (1)
16. ਸਰਵ ਉੱਚ ਅਦਾਲਤ (ਸੁਪਰੀਮ ਕੋਰਟ) ਦੇ ਜੱਜਾਂ ਦੀਆਂ ਯੋਗਤਾਵਾਂ ਦੱਸੋ। (1)